## ਫੈਕਟ ਸ਼ੀਟ 09

# ਹਾਊਸਿੰਗ

### ਕਿਵੇਂ ਨਸਲੀ ਲੋਕਾਂ ਨੂੰ ਹਾਊਸਿੰਗ ਸੁਵਿਧਾਵਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ?

**ਨਾਕਾਫੀ ਹਾਊਸਿੰਗ:** ਕਨੇਡਾ ਵਿੱਚ ਕਰੀਬ 50% ਤੋਂ ਵੱਧ ਕਲਰ ਕੋਡ ਵਾਲੇ ਪਰਿਵਾਰ ਅਜਿਹੇ ਘਰਾਂ ਵਿੱਚ ਰਹਿੰਦੇ ਜਿਹਨਾਂ ਨੂੰ ਜਾਂ ਮੁਰੰਮਤ ਦੀ ਲੋੜ ਹੈ, ਜਾਂ ਰਹਿਣਯੋਗ ਨਹੀਂ ਹਨ ਅਤੇ ਜਾਂ ਕਿਫਾਇਤੀ ਨਹੀਂ ਹਨ ।



**ਕਮਜ਼ੋਰ ਸੂਬਾਈ ਕਾਨੂੰਨ ਕਰਕੇ "ਇਨਕਲੁਜ਼ਨਰੀ ਜ਼ੋਨਿੰਗ" (Inclusionary Zoning) ਦੇ ਨਾਲ ਰੰਗ ਦੇ ਲੋਕਾਂ ਅਤੇ ਵੱਡੇ ਪਰਿਵਾਰਾਂ ਵਾਲੇ ਨਿਊਕਮਰਜ਼ ਲਈ ਕਿਫਾਇਤੀ ਰਿਹਾਇਸ਼ ਨਹੀਂ ਬਣਾਈ ਜਾ ਰਹੀ।**

**ਘਰ:** ਉਨਟਾਰੀਓ ਵਿੱਚ ਵੱਡੇ ਸ਼ਹਿਰੀ ਖੇਤਰਾਂ ਵਿਚਲੇ ਘੱਟ ਗੁਣਵੱਤਾ ਵਾਲੇ ਸਸਤੇ ਘਰ ਪ੍ਰਵਾਸੀਆਂ ਅਤੇ ਸ਼ਰਨਾਰਥੀਆਂ ਦਾ ਮੁੱਖ ਟਿਕਾਣਾ ਬਣਦੇ ਹਨ ।

**ਹਾਊਸਿੰਗ ਕੌਸਟ (Housing Cost):** ਇਕ ਅਧਿਐਨ ਨੇ ਪਾਇਆ ਕਿ ਜ਼ਿਆਦਾਤਰ ਪ੍ਰਵਾਸੀ ਆਪਣੀ ਆਮਦਨੀ ਦਾ 50% ਤੋਂ ਵੱਧ ਹਾਉਸਿੰਗ 'ਤੇ ਖਰਚ ਕਰ ਰਹੇ ਹਨ ।

**ਵਿਤਕਰਾ (Discrimination):** ਘਟੀਆ ਰਿਹਾਇਸ਼ੀ ਹਾਲਤਾਂ ਤੋਂ ਇਲਾਵਾ, ਇੰਡਜਿਨੱਸ, ਕਲਰ ਕੋਡ ਦੇ ਲੋਕ ਅਤੇ ਪ੍ਰਵਾਸੀ ਆਮਦਨੀ ਦੇ ਸਰੋਤਾਂ, ਕ੍ਰੈਡਿਟ ਹਿਸਟਰੀ, ਗਾਰੰਟੀ, ਰੈਫਰੈਂਸ, ਨਸਲੀ ਪਛਾਣ, ਇਮੀਗ੍ਰੇਸ਼ਨ ਸਟੇਟਸ, ਲਿੰਗ ਅਤੇ ਉਮਰ ਦੇ ਅਧਾਰ ਤੇ ਵੀ ਵਿਤਕਰੇ ਦਾ ਸਾਹਮਣਾ ਕਰਦੇ ਹਨ।

**ਪਰਵਾਸੀ (Immigrants):** ਇੱਕ ਤਾਜ਼ਾ ਅਧਿਐਨ ਵਿੱਚ ਪਾਇਆ ਗਿਆ ਹੈ ਕਿ 80% ਪ੍ਰਵਾਸੀ ਕਿਰਾਏ ਤੇ ਰਹਿੰਦੇ ਹਨ। ਪ੍ਰਵਾਸੀ ਔਰਤਾਂ ਨੂੰ ਹਾਉਸਿੰਗ ਇਨਸਿਕਉਰਿਟੀ ਦਾ ਵਧੇਰੇ ਖਤਰਾ ਹੈ। 50% ਪ੍ਰਵਾਸੀ ਮਾਂਵਾਂ ਲਈ ਘਰ ਇੱਕ ਅਸਲ ਜ਼ਰੂਰਤ ਹੈ।

**ਰਫਿਊਜੀ (Refugees):** ਅੱਧੇ ਤੋਂ ਵੱਧ ਸ਼ਰਨਾਰਥੀ ਕਿਸੇ ਸਮੇਂ ਕਿਸੇ ਪਨਾਹ ਵਿਚ ਰਹਿ ਚੁੱਕੇ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਲੋਕ ਬੇਘਰ ਹੋਣ ਦੇ ਜੋਖਮ ਨਾਮ ਜੂਝ ਰਹੇ ਹਨ।

## ਇੰਡੀਜੀਨਸ ਫੈਕਸ

- ਸਾਲ 2011 ਵਿਚ, ਫਸਟ ਨੇਸ਼ਨਜ਼ ਹਾਊਸਿੰਗ ਦੇ ਫੈਡਰਲ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਨਾਨ-ਇੰਡੀਜੀਨੱਸ ਘਰਾਂ ਦੇ ਸਿਰਫ 7 ਪ੍ਰਤੀਸ਼ਤ ਦੇ ਮੁਕਾਬਲੇ 41.5 ਪ੍ਰਤੀਸ਼ਤ ਰਿਜ਼ਰਵ ਪਰਿਵਾਰਾਂ ਦੇ ਘਰਾਂ ਨੂੰ ਵੱਡੀ ਮੁਰੰਮਤ ਦੀ ਜ਼ਰੂਰਤ ਹੈ, ਜਿਹਨਾਂ ਨੂੰ ਮੋਲਡ, ਬੱਗਜ਼, ਅਣਉਚਿਤ ਹੀਟਿੰਗ ਅਤੇ ਦੂਸ਼ਿਤ ਪਾਣੀ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।
- ਸਾਲ 2016 ਵਿੱਚ, ਟੋਰਾਂਟੋ ਸਟਾਰ ਨੇ ਦੱਸਿਆ ਕਿ ਓਨਟਾਰੀਓ ਵਿੱਚ ਅਟਾਵਾਪਿਸਕਾਟ ਫਸਟ ਨੇਸ਼ਨਜ਼ (Attawapiskat First Nations) ਦੇ ਲਗਭਗ 2,100 ਵਸਨੀਕਾਂ ਕੋਲ ਸਿਰਫ 340 ਘਰ ਹਨ। ਰਿਪੋਰਟ ਨੇ ਦਰਸਾਇਆ ਹੈ ਕਿ ਉਥੇ ਅਕਸਰ ਇੱਕ ਤੋਂ ਵੱਧ ਪਰਿਵਾਰ ਇੱਕੋ ਘਰ ਵਿੱਚ ਰਹਿ ਰਹੇ ਹਨ ਅਤੇ ਕੁਝ ਘਰਾਂ ਵਿਚ 13 ਤੋਂ ਵੱਧ ਲੋਕ ਵੀ ਰਹਿੰਦੇ ਹਨ।
- ਸ਼ੈਲਟਰ ਪਾਪੂਲੇਸ਼ਨ (Shelter Population) ਦਾ 28-34% ਹਿੱਸਾ ਇੰਡੀਜੀਨੱਸ ਹਨ। ਕੇਨੈਡਾ ਵਿਚ ਲੱਗਭਗ ਸਾਰੇ ਸ਼ਹਿਰੀ ਖੇਤਰਾਂ ਵਿਚ ਸਭ ਤੋਂ ਵੱਧ ਬੇਘਰ ਲੋਕ ਇੰਡੀਜੀਨੱਸ ਕਮਿਊਨਿਟੀ ਤੋਂ ਹਨ।
- ਇੱਕ ਰਾਸ਼ਟਰੀ ਰਿਪੋਰਟ ਦੇ ਅਨੁਸਾਰ, ਇੰਡੀਜੀਨੱਸ ਲੋਕਾਂ (18%) ਵਿੱਚ ਆਪਣੇ ਨਾਨ-ਇੰਡੀਜੀਨੱਸ (8%) ਹਮਾਇਤੀਆਂ ਦੇ ਮੁਕਾਬਲੇ ਛੁਪੀ ਹੋਈ ਬੇਘਰੀ (hidden homelessness) ਦੀ ਸਮੱਸਿਆ 2 ਗੁਣਾ ਜ਼ਿਆਦਾ ਹੈ।

**ਛੁਪੀ ਹੋਈ ਬੇਘਰੀ ਜਾਂ ਹਿਡਨ ਹੋਮਲੈਸਨੈਸ (Hidden Homelessness)** ਤੋਂ ਅਰਥ ਉਨ੍ਹਾਂ ਲੋਕਾਂ ਤੋਂ ਹੈ ਜੋ "ਸਥਾਈ ਰਿਹਾਇਸ਼ ਪ੍ਰਾਪਤ ਕਰਨ ਦੀ ਸੰਭਾਵਨਾ ਦੇ ਬਗੈਰ ਅਸਥਾਈ ਤੌਰ 'ਤੇ ਦੂਜਿਆਂ ਨਾਲ ਰਹਿੰਦੇ ਹਨ"। ਇਹਨਾਂ ਲੋਕਾਂ ਨੂੰ ਹੋਰ ਕੋਈ ਵਿਕਲਪ ਨਾ ਹੋਣ ਕਰਕੇ ਰਿਸ਼ਤੇਦਾਰਾਂ, ਦੋਸਤਾਂ, ਗੁਆਂਢੀਆਂ ਜਾਂ ਅਜਨਬੀਆਂ ਦਾ ਹੀ ਸਹਾਰਾ ਹੁੰਦਾ ਹੈ।



> *ਬੇਘਰ ਹੋਣ ਕਾਰਣ, ਜਾਂ ਕੋਈ ਰੈਫਰੈਂਸ ਨਾ ਹੋਣ ਕਰਕੇ ਬਹੁਤੇ ਮਕਾਨ-ਮਾਲਕ ਘਰ ਨਹੀਂ ਦਿੰਦੇ... ਮੇਰੇ ਕੋਲ ਪਹਿਲੇ ਅਤੇ ਆਖਰੀ ਮਹੀਨੇ ਦਾ ਕਿਰਾਇਆ ਨਹੀਂ ਹੈ ... ਅਤੇ ਦੂਜਾ, ਇਹ ਰੰਗਭੇਦ! ਮੈਂ ਇਕ ਔਰਤ ਕੋਲ ਕਿਰਾਏ 'ਤੇ ਘਰ ਪੁੱਛਣ ਲਈ ਗਿਆ ਤਾਂ ਉਸਨੇ ਇਹ ਕਹਿ ਕਿ ਮਨ੍ਹਾਂ ਕਰ ਦਿੱਤਾ ਕਿ ਉਸਨੂੰ ਕਾਲੇ ਲੋਕਾਂ ਨੂੰ ਘਰ ਦੇਣ 'ਚ ਸਮੱਸਿਆ ਹੈ।*

**"ਰੈਡ-ਲਾਈਨਿੰਗ" (Red-Lining):** ਨਸਲੀ ਸਮੂਹਾਂ ਨੂੰ ਅਕਸਰ ਵਿਤਕਰੇ ਕਾਰਨ ਅਸੁੱਰਖਿਅਤ, ਗੈਰ-ਸਿਹਤਮੰਦ, ਘਟੀਆ ਅਤੇ ਘਰਾਂ ਜ਼ਿਆਦਾ ਅਪਰਾਧ ਵਾਲੇ ਖੇਤਰਾਂ ਵਿੱਚ ਮਕਾਨਾਂ ਲੈਣ ਲਈ ਮਜਬੂਰ ਹੋਣਾ ਪੈਂਦਾ ਹੈ ।

**ਹਿਡਨ ਹੋਮਲੈਸਨੈੱਸ (Hidden Homelessness):** ਰਿਪੋਰਟ ਹੋਏ ਬੇਘਰਿਆਂ ਤੋਂ ਇਲਾਵਾ ਤਕਰੀਬਨ 450,000-900,000 ਕੈਨੇਡੀਅਨ ਛੁਪੀ ਹੋਈ ਬੇਘਰੀ ਦਾ ਸ਼ਿਕਾਰ ਹਨ।

**ਨਸਲ (Race):** ਗਰੀਬੀ ਅਤੇ ਘੱਟਗਿਣਤੀਆਂ ਵਿੱਚ ਸ਼ੁਮਾਰ ਬੇਘਰ ਹੋਣ ਦਾ ਕਾਰਨ ਬਣ ਸਕਦੇ ਹਨ ।ਨਸਲਵਾਦੀ ਲੋਕ ਬਾਕੀਆਂ ਦੀ ਤੁਲਨਾ ਵਿੱਚ ਬੇਘਰੀ ਜਾਂ ਘਟੀਆਂ ਘਰਾਂ ਵਿੱਚ ਰਹਿਣ ਦੀ ਸਮੱਸਿਆ ਨਾਲ ਜ਼ਿਆਦਾ ਜੂਝਦੇ ਹਨ। ਓਨਟਾਰੀਓ ਵਿੱਚ ਪ੍ਰਵਾਸੀਆਂ ਅਤੇ ਸ਼ਰਨਾਰਥੀਆਂ ਵਿੱਚ, ਗਰੀਬੀ, ਵਿਤਕਰੇ, ਸਮਾਜਿਕ ਅਤੇ ਰਿਹਾਇਸ਼ੀ ਸੇਵਾਵਾਂ ਦੀ ਘਾਟ ਕਾਰਨ ਬੇਘਰ ਹੋਣ ਦੀ ਸੰਭਾਵਨਾ ਵੀ ਬਹੁਤ ਜ਼ਿਆਦਾ ਹੈ।

## ਧਿਆਨ ਦੇਣਯੋਗ ਤੱਥ

- ਕਲਰ ਕੋਡ ਵਾਲੇ ਕੈਨੇਡੀਅਨਾਂ ਤੋਂ ਭਾਵ ਉਹਨਾਂ ਲੋਕਾਂ ਤੋਂ ਹੈ ਜਿਨ੍ਹਾਂ ਦਾ ਪਿਛੋਕੜ ਯੂਰਪ ਤੋਂ ਨਹੀਂ ਹੈ। ਫਿਰ ਭਾਵੇਂ ਉਹਨਾਂ ਦਾ ਜਨਮ ਕੈਨੇਡਾ ਜਾਂ ਕਿਸੇ ਵੀ ਹੋਰ ਗੈਰ ਯੂਰਪੀਅਨ ਦੇਸ਼ ਵਿੱਚ ਹੋਇਆ ਹੋਵੇ।
- ਇੰਡੀਜੀਨੱਸ ਲੋਕਾਂ ਤੋਂ ਭਾਵ ਉਹਨਾਂ ਲੋਕਾਂ ਤੋਂ ਹੈ ਜਿਹਨਾਂ ਨੂੰ ਫਰਸਟ ਨੇਸ਼ਨਲਜ਼ (First Nationals), ਇਨਯੂਟ (Inuit), ਅਤੇ ਮੈਟਿਸ (Métis) ਸਮਝਿਆ ਜਾਂਦਾ ਹੈ।
- ਟੋਰਾਂਟੋ ਵਿਚ, ਗਰੀਬੀ ਵਿਚ ਰਹਿਣ ਵਾਲੇ ਸਾਰੇ ਵਿਅਕਤੀਆਂ ਦਾ 62% ਜਾਤੀਗਤ ਸਮੂਹਾਂ ਨਾਲ ਸੰਬੰਧ ਰੱਖਦੇ ਹਨ।
- ਕੈਨੇਡਾ ਦੇ 52% ਗਰੀਬ ਜਾਤੀਗਤ ਲੋਕ ਓਨਟਾਰੀਓ ਵਿੱਚ ਰਹਿੰਦੇ ਹਨ ।
- ਉਹ ਪਰਿਵਾਰ ਜੋ ਕਨੇਡਾ ਦੀ ਲੋ ਇਨਕਮ ਕਟ-ਆਫ (LICO) ਜਾਂ ਲੋ ਇਨਕਮ ਮੈਜ਼ਰ (LIM) ਤੋਂ ਹੇਠਾਂ ਆਉਂਦੇ ਹਨ ਉਹ ਕਿਸੇ ਆਮ ਪਰਿਵਾਰ ਦੇ ਮੁਕਾਬਲੇ ਆਪਣੀ ਆਮਦਨੀ ਦਾ ਬਹੁਤ ਵੱਡਾ ਹਿੱਸਾ ਭੋਜਨ ਅਤੇ ਪਨਾਹ ਵਰਗੀਆਂ ਬੁਨਿਆਦੀ ਜ਼ਰੂਰਤਾਂ 'ਤੇ ਖਰਚ ਕਰਦੇ ਹਨ । ਇਹ ਕਿਸੇ ਖਿੱਤੇ ਦੇ ਲੋਕਾਂ ਵਿੱਚ ਗਰੀਬੀ ਨੂੰ ਮਾਪਣ ਦਾ ਪੈਮਾਨਾ ਹੈ।
- ਸਿਸਟੇਮੈਟਿਕ ਰੇਸਿਜ਼ਮ (Systematic Racism) ਅਕਸਰ ਨੀਤੀਆਂ, ਅਭਿਆਸਾਂ ਅਤੇ ਸਕੀਮਾਂ ਵਿੱਚ ਕੀਤੇ ਗਏ ਪੱਖਪਾਤ ਕਰਕੇ ਹੁੰਦਾ ਹੈ ਜੋ ਕਿਸੇ ਗਰੁੱਪ ਨੂੰ ਫਾਇਦਾ ਜਾਂ ਨੁਕਸਾਨ ਪਹੁੰਚਾਉਣ ਦੇ ਮਕਸਦ ਨਾਲ ਸ਼ੁਰੂ ਹੁੰਦਾ ਹੈ।



2017 ਵਿੱਚ, ਓਨਟਾਰੀਓ ਵਿੱਚ ਇੱਕ ਬੈਡਰੂਮ ਵਾਲੇ ਅਪਾਰਟਮੈਂਟ ਦਾ ਔਸਤਨ ਕਿਰਾਇਆ $994 ਸੀ । ਇਸ ਘਰ ਨੂੰ ਕਿਰਾਏ 'ਤੇ ਲੈਣ ਲਈ ਪ੍ਰਤੀ ਘੰਟੇ 19 ਡਾਲਰ ਦੀ ਤਨਖਾਹ ਦੀ ਜ਼ਰੂਰਤ ਹੈ।



2017 ਵਿੱਚ, ਟੋਰਾਂਟੋ ਵਿੱਚ ਇੱਕ ਬੈਡਰੂਮ ਵਾਲੇ ਅਪਾਰਟਮੈਂਟ ਦਾ ਔਸਤਨ ਕਿਰਾਇਆ $1,132 ਸੀ । ਇਸ ਘਰ ਨੂੰ ਕਿਰਾਏ 'ਤੇ ਲੈਣ ਲਈ ਪ੍ਰਤੀ ਘੰਟੇ 21.77 ਡਾਲਰ ਦੀ ਤਨਖਾਹ ਦੀ ਜ਼ਰੂਰਤ ਹੈ।



ਘੱਟੋ ਘੱਟ ਮਿਹਨਤਾਨੇ ਵਿਚ ਵਾਧੇ ਦੇ ਬਾਵਜੂਦ, ਉਨ੍ਹਾਂ ਲੋਕਾਂ ਲਈ ਕਿਰਾਏ 'ਤੇ ਮਕਾਨ ਲੈਣਾ ਸੰਭਵ ਨਹੀਂ ਜੋ ਪ੍ਰਤੀ ਘੰਟਾ $19 ਤੋਂ ਘੱਟ ਕਮਾਉਂਦੇ ਹਨ।

*ਓਨਟਾਰੀਓ ਸਰਕਾਰ ਦੁਆਰਾ ਮਈ 2017 ਵਿੱਚ ਪੇਸ਼ ਕੀਤੇ ਗਏ ਬਿੱਲ ਕਾਰਣ, ਜਨਵਰੀ 2019 ਵਿੱਚ ਘੱਟੋ ਘੱਟ ਤਨਖਾਹ ਨੂੰ ਵਧਾ ਕੇ $15 ਪ੍ਰਤੀ ਘੰਟਾ ਕਰ ਦਿੱਤਾ ਗਿਆ। ਇਸ ਵਾਧੇ ਨੂੰ ਲਾਗੂ ਕਰਨਾ ਜਾਤੀਗਤ ਭਾਈਚਾਰਿਆਂ ਨੂੰ ਕਿਫਾਇਤੀ ਮਕਾਨਾਂ ਤਕ ਪਹੁੰਚਣ ਵਿੱਚ ਸਹਾਇਤਾ ਕਰਨ ਵੱਲ ਚੁੱਕਿਆ ਇਕ ਬਹੁਤ ਛੋਟਾ ਜਿਹਾ ਕਦਮ ਹੈ।*

## ਉਪਰਾਲੇ

**ਜ਼ਹਾਵਨੌਂਗ ਗੈਮਿਕ, ਨਿਸ਼ਨਾਬੇ ਹੋਮਜ਼ (Zhaawnong Gamik, Nishnawbe Homes)** ਸਿੱਖਿਆ ਜਾਂ ਨੌਕਰੀ ਦੇ ਮੌਕਿਆਂ ਲਈ ਟੋਰਾਂਟੋ ਆਉਣ ਵਾਲੇ ਬਹੁਤ ਸਾਰੇ ਇੰਡੀਜੀਨੱਸ ਲੋਕਾਂ ਨੂੰ ਕਿਫਾਇਤੀ ਘਰ ਪ੍ਰਦਾਨ ਕਰਦਾ ਹੈ। ਨਿਸ਼ਨੌਬੇ ਘਰ ਕਿਫਾਇਤੀ ਹੋਣ ਦੇ ਨਾਲ-ਨਾਲ ਉਨ੍ਹਾਂ ਲੋਕਾਂ ਨੂੰ ਕਮਿਊਨਿਟੀ ਅਤੇ ਸੱਭਿਆਚਾਰ ਨਾਲ ਵੀ ਜੋੜੀ ਰੱਖਦੇ ਹਨ ।
**email:** nishnawbehomes@rogers.com

**ਐਡਵੋਕੇਸੀ ਫਾਰ ਸੈਂਟਰ ਫਾਰ ਟੇਨੈਂਟਸ ਓਨਟਾਰੀਓ ( Advocacy for Centre for Tenants Ontario, ACTO)** ਲੋ-ਇਨਕਮ ਵਾਲੇ ਲੋਕਾਂ ਦੇ ਹਾਊਸਿੰਗ ਪ੍ਰਤੀ ਅਧਿਕਾਰਾਂ ਅਤੇ ਨਿਆਂ ਪ੍ਰਬੰਧਨ 'ਤੇ ਕੰਮ ਕਰਦਾ ਹੈ । ਇਹ ਸੰਸਥਾ ਉਹਨਾਂ ਲੋਕਾਂ ਨੂੰ ਕਾਨੂੰਨੀ ਸਲਾਹ ਅਤੇ ਨੁਮਾਇੰਦਗੀ, ਕਮਿਊਨਿਟੀ ਪ੍ਰਬੰਧਨ, ਸਿਖਲਾਈ ਅਤੇ ਸਿੱਖਿਆ ਦੇ ਜ਼ਰੀਏ ਜਾਗੂਰਕ ਵੀ ਕਰਦੀ ਹੈ।
**Website:** www.acto.ca